<u>ਦਫਤਰ ਨਗਰ ਨਿਗਮ ਹੁਸ਼ਿਆਰਪੁਰ</u>
<u>ਪ੍ਰੈਸ ਨੋਟ</u>

## <u>ਨਗਰ ਨਿਗਮ ਦੇ ਕੌਂਸਲਰਾਂ ਦੀ ਮਾਸਿਕ ਮੀਟਿੰਗ ਆਯੋਜਿਤ</u>

# <u>ਨਗਰ ਨਿਗਮ ਵੱਲੋਂ ਜੂਡੀਸ਼ੀਅਲ ਕੋਰਟ ਕਪੰਲੈਕਸ ਲਈ 14 ਏਕੜ ਜਗ੍ਹਾ ਦੇਣ ਦੀ ਪ੍ਰਵਾਨਗੀ</u>.......ਮੇਅਰ ਸ਼ਿਵ ਸੂਦ

ਹੁਸ਼ਿਆਰਪੁਰ 30 ਦਸੰਬਰ ਮੇਅਰ ਸ਼ਿਵ ਸੂਦ ਦੀ ਪ੍ਰਧਾਨਗੀ ਹੇਠ ਨਗਰ ਨਿਗਮ ਦੇ ਡਾ: ਬੀ.ਆਰ ਅੰਬੇਦਕਰ ਮੀਟਿੰਗ ਹਾਲ ਵਿਖੇ ਕੌਂਸਲਰਾਂ ਦੀ ਮਾਸਿਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ, ਡਿਪਟੀ ਮੇਅਰ ਸ਼ੁਕਲਾ ਸ਼ਰਮਾ, ਸੁਪਰਡੈਂਟ ਸੁਆਮੀ ਸਿੰਘ, ਅਮਿਤ ਕੁਮਾਰ, ਲੇਖਾਕਾਰ ਰਾਜਨ ਕੁਮਾਰ, ਇੰਸਪੈਕਟਰ ਵਿਜੇ ਕੁਮਾਰ, ਕੁਲਵਿੰਦਰ ਕੁਮਾਰ, ਰਾਜਵੰਸ ਕੌਰ, ਸੈਨਟਰੀ ਇੰਸਪੈਕਟਰ ਸੰਜੀਵ ਕੁਮਾਰ, ਜੇ.ਈ ਮਕੈਨੀਕਲ ਅਸ਼ਵਨੀ ਸ਼ਰਮਾ, ਜੇ.ਈ ਇੰਲੈਕਟ੍ਰਿਕਲ ਅਸ਼ਵਨੀ ਕੁਮਾਰ, ਰਾਹੁਲ ਸ਼ਰਮਾ ਅਤੇ ਨਗਰ ਨਿਗਮ ਦੇ ਕੌਂਸਲਰ ਹਾਜਰ ਸਨ।

ਹਾਉਸ ਦੀ ਮੀਟਿੰਗ ਵਿਚ ਦਫ਼ਤਰੀ ਕੰਮਕਾਜ ਤੋਂ ਇਲਾਵਾ ਵੱਖ-ਵੱਖ ਵਾਰਡਾਂ ਦੇ ਵਿਕਾਸ ਕਾਰਜਾਂ ਸਬੰਧੀ ਵਿਸਥਾਰਪੂਰਵਕ ਵਿਚਾਰ ਵਟਾਦਰਾ ਕਰਨ ਉਪਰੰਤ ਮੇਅਰ ਸ਼ਿਵ ਸੂਦ ਨੇ ਦਸਿੱਆ ਕਿ ਜੂਡੀਸ਼ੀਅਲ ਕੋਰਟ ਕਪਲੈਕਸ ਬਣਾਉਣ ਲਈ ਨਗਰ ਨਿਗਮ ਵੱਲੋਂ 14 ਏਕੜ ਜਮੀਨ ਦੇਣ, ਨਗਰ ਨਿਗਮ ਦੇ ਫਾਇਰ ਬ੍ਰਿਗੇਡ ਲਈ ਕਰਮਚਾਰੀਆਂ ਦੀ ਨਵੀਆਂ ਅਸਾਮੀਆਂ ਜਿਹਨ੍ਹਾਂ ਵਿੱਚ 3 ਲੀਡਿੰਗ ਫਾਇਰਮੈਨ, 12 ਫਾਇਰਮੈਨ ਅਤੇ 3 ਡਰਾਈਵਰ/ਓਪਰੇਟਰਾਂ ਦੀਆਂ ਆਸਾਮੀਆਂ ਦੀ ਰਚਨਾ ਕਰਨ, ਫਾਇਰ ਬ੍ਰਿਗੇਡ ਦੇ ਸਟਾਫ ਨੂੰ ਗਰਮ ਵਰਦੀਆਂ ਦੇਣ ਲਈ 2,55,552 ਰੁਪਏ ਦੀ ਮੰਨਜੂਰੀ ਅਤੇ ਨਗਰ ਨਿਗਮ ਵੱਲੋਂ ਐਡਵਰਟਾਈਜਮੈਂਟ ਦਾ ਠੇਕਾ ਜ਼ੋਕਿ 2 ਫਰਵਰੀ 2017 ਨੂੰ ਖਤਮ ਹੋ ਰਿਹਾ ਹੈ ਦੋਬਾਰਾ ਠੇਕੇ ਤੇ ਸਰਕਾਰ ਦੀਆਂ ਹਦਾਇਤਾ ਅਨੁਸਾਰ ਦੇਣ ਸਬੰਧੀ ਹਾਉਸ ਵੱਲੋਂ ਪ੍ਰਵਾਨਗੀ ਦਿੱਤੀ ਗਈ।